(G)

Total Pages : 3

# PC–10096/NB

**J–3/2111**

ਪੰਜਾਬੀ ਲਾਜ਼ਮੀ

(Paper–318)

(Semester–V)

Time : Three Hours] [Maximum Marks : 75

## ਭਾਗ-ੳ

I. ਪਾਠ-ਪੁਸਤਕ 'ਲੋਕਧਾਰਾ ਦੀ ਭੂਮਿਕਾ' ਵਿਚੋਂ ਕਿਸੇ **ਇਕ** ਲੇਖ ਦਾ ਵਿਸ਼ਾ-ਵਸਤੂ ਆਪਣੇ ਸ਼ਬਦਾਂ ਵਿਚ ਲਿਖੋ :

(ੳ) ਗਰਾਮ ਦਿਉਤੇ।

(ਅ) ਲੋਕਗੀਤ ਦਾ ਜਨਮ।

(ੲ) ਲੋਕਧਾਰਾ : ਵਰਤਮਾਨ ਸੰਦਰਭ। 12

II. ਪਾਠ-ਪੁਸਤਕ ਤੇ ਆਧਾਰਿਤ ਸੰਖੇਪ ਸਵਾਲਾਂ ਵਿਚੋਂ ਕਿਸੇ **ਇਕ** ਦਾ ਉੱਤਰ ਦਿਓ :

(ੳ) 'ਪੰਜਾਬ ਦੀਆਂ ਲੋਕ ਖੇਡਾਂ' ਵਿਚ ਕੁੜੀਆਂ ਦੀਆਂ ਖੇਡਾਂ ਕਿਹੜੀਆਂ ਹਨ?

(ਅ) ਲੋਕ ਕਹਾਣੀ ਅਤੇ ਸਾਹਿਤਕ ਕਹਾਣੀ ਵਿਚ ਕੀ ਅੰਤਰ ਹੈ?

(ੲ) ਜਨਮ ਸਬੰਧੀ ਰੀਤਾਂ ਕਿਹੜੀਆਂ ਹਨ? 8

## ਭਾਗ-ਅ

III. ਨਿਮਨ-ਲਿਖਤ ਵਿਸ਼ੇ ਵਿਚੋਂ ਕਿਸੇ **ਇਕ** ਵਿਸ਼ੇ ਤੇ ਲੇਖ ਰਚਨਾ ਕਰੋ :

(ੳ) ਵਿਦਿਆਰਥੀ ਅਤੇ ਫੈਸ਼ਨ।

(ਅ) ਰਾਸ਼ਟਰੀ ਏਕਤਾ ਅਤੇ ਪੇਂਡੂ ਯੁਵਕ।

(ੲ) ਪੰਜਾਬ ਦੇ ਲੋਕ ਵਿਸ਼ਵਾਸ। 9

IV. ਨਾਂਵ ਵਾਕੰਸ਼ ਦੀ ਪਰਿਭਾਸ਼ਾ ਤੇ ਬਣਤਰ ਬਾਰੇ ਵਿਸਥਾਰ ਸਹਿਤ ਚਰਚਾ ਕਰੋ।

**ਜਾਂ**

ਕਿਰਿਆ ਵਾਕੰਸ਼ ਦਾ ਬੁਨਿਆਦੀ ਅੰਗ ਕਿਹੜਾ ਹੈ? ਇਸ ਦੇ ਨਾਲ ਹੋਰ ਕਿਹੜੇ ਤੱਤ ਆ ਸਕਦੇ ਹਨ? ਉਦਾਹਰਣਾਂ ਸਹਿਤ ਵਰਣਨ ਕਰੋ। 12

V. ਹੇਠ ਲਿਖੇ ਪੈਰ੍ਹੇ ਵਿਚੋਂ ਨਾਂਵ ਵਾਕੰਸ਼ ਚੁਣੋ :

ਲੋਕ ਕਲਾ ਵਿਚ ਮਿੱਟੀ ਅਤੇ ਰੰਗਾਂ ਨਾਲ ਰਚਨਾ ਕਰਨਾ ਪੰਜਾਬੀ ਵਿਚ ਸਦੀਆਂ ਤੋਂ ਹੁੰਦਾ ਆਇਆ ਹੈ। ਪੰਜਾਬ ਦੇ ਸਭਿਆਚਾਰ ਦਾ ਕੇਂਦਰ ਪਿੰਡ ਹਨ। ਇੱਟਾਂ ਤੇ ਸੀਮਿੰਟ ਨਾਲ ਉਸਾਰੀ ਕਰਨ ਦੀ ਪ੍ਰਥਾ ਆਰੰਭ ਹੋਣ ਤੋਂ ਪਹਿਲਾ ਬਹੁਤੇ ਘਰ ਮਿੱਟੀ ਦੀਆਂ ਕੰਧਾਂ ਨਾਲ ਬਣਾਏ ਜਾਂਦੇ ਸਨ ਤੇ ਅੱਜ ਵੀ ਬਣਦੇ ਹਨ। 4

## ਭਾਗ-ੲ

VI. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਦਿਓ :

1. ਲੋਕਯਾਨ ਤੋਂ ਕੀ ਭਾਵ ਹੈ?

2. ਮੁਰੱਬੇਬੰਦੀ ਕੀ ਹੁੰਦੀ ਹੈ?

3. ਖੇਤਰਪਾਲ ਦਿਉਤੇ ਦਾ ਕੀ ਕਾਰਜ ਹੈ?

4. ਡੰਡੀਜ਼ ਨੇ ਕਿਹੜੇ ਤਿੰਨ ਪ੍ਰਵਰਗਾਂ ਦੀ ਵੰਡ ਕੀਤੀ ਹੈ?

5. ਭੈਣ ਭਰਾ ਦੇ ਰਿਸ਼ਤੇ ਵਾਲੇ ਦੋ ਬੋਲ ਲਿਖੋ।

6. ਫੁਲਕਾਰੀ ਸ਼ਬਦ ਤੋਂ ਕੀ ਭਾਵ ਹੈ?

7. ਬਾਂਦਰ ਕਿੱਲਾ ਕਿਹੜੀ ਖੇਡ ਹੈ?

8. ਸੰਯੁਕਤ ਪਰਿਵਾਰ ਸੰਸਥਾ ਦਾ ਪੇਂਡੂ ਸਮਾਜ ਵਿਚ ਸਥਾਨ।

9. ਵਿਆਹ ਸੰਸਥਾ ਦਾ ਮਹੱਤਵ।

10. ਵਿਸ਼ੇਸਕ ਕੀ ਹੁੰਦਾ ਹੈ?

11. ਪਰਧਾਨ ਕਰਮ ਕੀ ਹੁੰਦਾ ਹੈ?

12. ਮੁੱਖ ਕਿਰਿਆ ਕਿਸ ਨੂੰ ਆਖਦੇ ਹਨ?

13. ਸਹਾਇਕ ਕਿਰਿਆ ਕੀ ਹੁੰਦੀ ਹੈ?

14. ਨਾਂਵ ਅਤੇ ਪੂਰਨ ਕਿਰਿਆ ਦੀ ਉਦਾਹਰਨ ਦਿਓ।

15. ਆਦਰ ਬੋਧਕ ਤੋਂ ਕੀ ਭਾਵ ਹੈ? 15×2=30

---